# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 30-07-2025**

ਭਾਰਤੀ ਪੁਲਾੜ ਖੋਜ ਸੰਗਠਨ ਅੱਜ, ਧਰਤੀ ਦਾ ਨਿਰੀਖਣ ਕਰਣ ਵਾਲਾ ਇੱਕ ਉਪਗ੍ਰਹਿ NASA-ISRO ਸਿੰਥੈਟਿਕ ਅਪਰਚਰ ਰਡਾਰ (NISAR) ਲਾਂਚ ਕਰੇਗਾ। ਇਸਨੂੰ ਸਤੀਸ਼ ਧਵਨ ਸਪੇਸ ਸੈਂਟਰ, ਸ਼੍ਰੀਹਰੀਕੋਟਾ ਤੋਂ GSLV-F16 ਰਾਕੇਟ ਰਾਹੀਂ ਸ਼ਾਮ 5 ਵਜ ਕੇ 40 ਮਿੰਟ 'ਤੇ ਲਾਂਚ ਕੀਤਾ ਜਾਵੇਗਾ। ਲਾਂਚ ਲਈ ਉਲਟੀ ਗਿਣਤੀ ਬੀਤੇ ਕੱਲ੍ਹ ਦੁਪਹਿਰ ਬਾਅਦ 2 ਵਜ ਕੇ 10 ਮਿੰਟ 'ਤੇ ਸ਼ੁਰੂ ਹੋਈ।

***ਇੱਕ ਰਿਪੋਰਟ - NISAR ਉਪਗ੍ਰਹਿ ਕਿਸੇ ਤਰ੍ਹਾਂ ਦੇ ਵੀ ਮੌਸਮ ਵਿਚ ਦਿਨ ਅਤੇ ਰਾਤ ਚੌਵੀ ਘੰਟੇ ਧਰਤੀ ਦੀ ਮੈਪਿੰਗ ਕਰਨ ਦੇ ਸਮਰੱਥ ਏ. ਹਰ 12 ਦਿਨਾਂ ਵਿੱਚ ਇੱਕ ਵਾਰ ਉਪਗ੍ਰਹਿ ਧਰਤੀ ਦੀ ਸਤ੍ਹਾ ਦੀਆਂ ਭੁਤ ਹੀ ਵਧੀਆ ਤਸਵੀਰਾਂ ਪ੍ਰਦਾਨ ਕਰਨ ਲਈ ਪੂਰੀ ਧਰਤੀ ਨੂੰ ਸਕੈਨ ਕਰੇਗਾ ਤੇ ਇੱਕ ਸੈਂਟੀਮੀਟਰ ਤੋਂ ਵੀ ਛੋਟੇ ਛੋਟੇ ਬਦਲਾਅ ਨੂੰ***

***ਵੀ ਕੈਪਚਰ ਕਰੇਗਾ। ਸੂਰਜ ਸਮਕਾਲੀ ਧਰੁਵੀ ਪੰਧ ਵਿੱਚ NISAR ਦਾ ਲਾਂਚ ਆਮ PSLV ਦੀ ਬਜਾਏ GSLV ਰਾਹੀਂ ਕੀਤਾ ਜਾ ਰਿਹਾ ਏ ਕਿਉਂਕਿ ਉਪਗ੍ਰਹਿ ਭਾਰੀ ਏ । NISAR ਇੱਕ ਵਿਲੱਖਣ ਧਰਤੀ ਨਿਰੀਖਣ ਉਪਗ੍ਰਹਿ ਏ ਅਤੇ ਇਹ ਮਿਸ਼ਨ ਭਾਰਤੀ ਅਤੇ ਅਮਰੀਕੀ ਪੁਲਾੜ ਏਜੰਸੀਆਂ ਦਰਮਿਆਨ ਪਹਿਲਾ ਹਾਰਡਵੇਅਰ ਸਹਿਯੋਗ ਏ, ਜਿਸ ਵਿੱਚ ਹਰੇਕ ਉਪਗ੍ਰਹਿ ਲਈ ਇੱਕ ਵੱਖਰਾ ਰਾਡਾਰ ਸਿਸਟਮ ਏ ਰਾਜੇਸ਼ ਬਾਲੀ, ਆਕਾਸ਼ਵਾਣੀ ਖਬਰਾਂ***

---------------------------------------------------

ਰਾਜ ਸਭਾ'ਚ ਪਹਿਲਗਾਮ ਦਹਿਸ਼ਤਗਰਦ ਹਮਲੇ ਦੇ ਜੁਆਬ 'ਚ ਸਫਲ ਤੇ ਫੈਸਲਾਕੁੰਨ ਅਪ੍ਰੇਸ਼ਨ ਸਿੰਦੂਰ 'ਤੇ ਬਹਿਸ ਮੁੜ੍ਹ ਸ਼ੁਰੂ ਕੀਤੀ. ਚਰਚਾ'ਚ ਹਿੱਸਾ ਲੈਂਦਿਆਂ ਵਿਦੇਸ਼ ਮੰਤਰੀ ਡਾ S ਜੈਸ਼ੰਕਰ ਨੇ ਅਪ੍ਰੇਸ਼ਨ ਸਿੰਦੂਰ 'ਚ ਫੌਜ ਦੀ ਕਾਰਗੁਜ਼ਾਰੀ ਸਮਰਥਾਵਾਂ ਦੀ ਸ਼ਲਾਘਾ ਕੀਤੀ. ਓਹਨਾਂ ਕਿਹਾ ਕਿ ਫੌਜ ਨੇ ਦੇਸ਼ ਦਾ ਮਾਣ ਵਧਾਇਆ ਏ. ਵਿਦੇਸ਼ ਮੰਤਰੀ ਨੇ ਕਿਹਾ ਕਿ ਪਹਿਲਗਾਮ ਦਹਿਸ਼ਤਗਰਦ ਹਮਲੇ ਦੇ ਪਿਛੇ ਦਾ ਮਕਸਦ ਜੰਮੂ ਕਸ਼ਮੀਰ ਦੀ ਆਰਥਿਕਤਾ ਨੂੰ ਤਬਾਹ ਕਰਨਾ ਸੀ ।

ਵਿਦੇਸ਼ ਮੰਤਰੀ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਸਥਿਤ ਲਸ਼੍ਕਰ ਏ ਤੈਯਬਾ ਦੇ ਧੜੇ RESISTANCE FRONT ਨੂੰ ਅਮਰੀਕਾ ਵਲੋਂ ਦਹਿਸ਼ਤਗਰਦ ਜਥੇਬੰਦੀ ਐਲਾਨਣ ‘ਚ ਕਾਮਯਾਬੀ ਹਾਸਿਲ ਕੀਤੀ. ਬਹਿਸ ਜਾਰੀ ਏ।

-----------------------------------------------------

ਸਾਬਕਾ ਸੰਸਦ ਮੈਂਬਰ ਅਤੇ ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ, ਸ਼ਵੇਤ ਮਲਿਕ ਨੇ ਬੀਤੇ ਕਲ੍ਹ ਜਲੰਧਰ ਵਿੱਚ ਆਕਸੀਜਨ ਦੀ ਘਾਟ ਕਾਰਨ ਮਰੀਜ਼ਾਂ ਦੀ ਮੌਤ 'ਤੇ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਅਸਤੀਫ਼ੇ ਦੀ ਮੰਗ ਕੀਤੀ। ਬੀਤੀ ਸ਼ਾਮ ਅੰਮ੍ਰਿਤਸਰ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮਲਿਕ ਨੇ ਕਿਹਾ ਕਿ ਇਹ ਘਟਨਾ ਸਰਕਾਰੀ ਹਸਪਤਾਲਾਂ ਵਿੱਚ ਡਾਕਟਰੀ ਸਹੂਲਤਾਂ ਦੀ ਘਾਟ ਲਈ ਜਵਾਬਦੇਹੀ ਦੀ ਮੰਗ ਕਰਦੀ ਏ। ਉਨ੍ਹਾਂ ਨੇ ਪੰਜਾਬ ਦੇ ਸਿਹਤ ਸਿਲਸਿਲੇ ਦੀ ਪੂਰੀ ਤਰ੍ਹਾਂ ਅਸਫਲਤਾ ਲਈ ਰਾਜ ਦੇ ਸਿਹਤ ਮੰਤਰੀ ਬਲਬੀਰ ਸਿੰਘ ਦੇ ਅਸਤੀਫ਼ੇ ਦੀ ਮੰਗ ਕੀਤੀ ਏ।

**BYTE - SHWET MALIK**

ਉਨ੍ਹਾਂ ਨੇ ਕੁਝ ਦਿਨ ਪਹਿਲਾਂ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਦੀ ਇੱਕ ਹੋਰ ਘਟਨਾ ਦਾ ਜ਼ਿਕਰ ਕੀਤਾ, ਜਿੱਥੇ ਸਰਜਨਾਂ ਨੇ ਇੱਕ ਸਰਜਰੀ ਦੌਰਾਨ ਬਿਜਲੀ ਦੀ ਘਾਟ ਕਾਰਨ ਮੋਮਬੱਤੀਆਂ ਨਾਲ ਆਪ੍ਰੇਸ਼ਨ ਕੀਤਾ। ਇਹ ਦੱਸਦੇ ਹੋਏ ਕਿ 'ਆਪ' ਸਰਕਾਰ ਝੂਠੀ ਬ੍ਰਾਂਡਿੰਗ 'ਤੇ ਕੇਂਦ੍ਰਿਤ ਏ , ਉਨ੍ਹਾਂ ਕਿਹਾ ਕਿ, ਗੁਰਦਾਸਪੁਰ ਸਰਕਾਰੀ ਹਸਪਤਾਲ ਅਤੇ ਪੰਜਾਬ ਦੇ ਕਈ ਹੋਰ ਸਰਕਾਰੀ ਹਸਪਤਾਲਾਂ ਵਿੱਚ ਕੋਈ ਦਵਾਈ ਨਹੀਂ ਏ, ਡਾਕਟਰਾਂ ਦੀ ਘਾਟ ਏ , ਕੋਈ ਜੀਵਨ ਰਖਿਅਕ ਸਿਸਟਮ ਨਹੀਂ ਏ । ਇਹ ਸਭ 'ਆਪ' ਸਰਕਾਰ ਦੀ ਲਾਪਰਵਾਹੀ ਦੀਆਂ ਸਪੱਸ਼ਟ ਮਿਸਾਲਾਂ ਨੇ. ਮਲਿਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਾਰਿਆਂ ਲਈ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਪ੍ਰਦਾਨ ਕਰਨ ਦਾ ਹਾਲ ਹੀ ਵਿੱਚ ਕੀਤਾ ਗਿਆ ਐਲਾਨ ਇੱਕ ਝੂਠਾ ਵਾਅਦਾ ਏ । ਉਨ੍ਹਾਂ ਪੰਜਾਬ ਸਰਕਾਰ 'ਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਦਾ ਲਗਾਇਆ, ਜਿਸ ਨੇ ਮੁਫ਼ਤ ਸਿਹਤ ਬੀਮਾ ਯੋਜਨਾ (5 ਲੱਖ ਰੁਪਏ ਦਾ ਆਯੁਸ਼ਮਾਨ ਸਿਹਤ ਬੀਮਾ) ਵਿੱਚ ਆਪਣਾ ਹਿੱਸਾ ਨਾਂ ਪਾ ਕੇ ਅਤੇ ਪੰਜਾਬ ਦੇ ਨਿੱਜੀ ਹਸਪਤਾਲਾਂ ਦੇ ਸੈਂਕੜੇ ਕਰੋੜ ਰੁਪਏ ਦੇ ਬਕਾਏ ਦਾ ਭੁਗਤਾਨ ਨਾ ਕਰਕੇ

ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ। ਉਨ੍ਹਾਂ ਕਿਹਾ ਕਿ ਮੁਹੱਲਾ ਕਲੀਨਿਕ ਮੁੱਢਲੀਆਂ ਸਹੂਲਤਾਂ ਵੀ ਨਹੀਂ ਦੇ ਸਕਦੇ, ਉਨ੍ਹਾਂ ਨੂੰ ਰਾਸ਼ਟਰੀ ਸਿਹਤ ਮਿਸ਼ਨ ਤਹਿਤ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੋਂ ਫੰਡ ਲੈਣੇ ਪੈਣਗੇ। ਇਹ ਨਿਰਭਰਤਾ ਉਨ੍ਹਾਂ ਦੀ ਅਯੋਗਤਾ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦੀ ਏ। ਇਸ ਦੌਰਾਨ, ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਿਹਤ ਵਿਭਾਗ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਨੇ ਕਿ ਉਹ ਰਾਜ ਦੀਆਂ ਸਾਰੀਆਂ ਸਰਕਾਰੀ ਸਿਹਤ ਸਹੂਲਤਾਂ ਵਿੱਚ ਆਈ.ਸੀ.ਯੂ., ਆਪ੍ਰੇਸ਼ਨ ਥੀਏਟਰ (ਓ.ਟੀ.) ਅਤੇ ਐਮਰਜੈਂਸੀ ਵਾਰਡਾਂ ਸਮੇਤ ਸਾਰੀਆਂ ਮਹੱਤਵਪੂਰਨ ਦੇਖਭਾਲ ਇਕਾਈਆਂ ਵਿੱਚ ਨਿਰਵਿਘਨ ਆਕਸੀਜਨ ਸਪਲਾਈ ਅਤੇ ਬਿਜਲੀ ਬੈਕਅੱਪ ਨੂੰ ਯਕੀਨੀ ਬਣਾਉਣ। ਕੱਲ੍ਹ ਸਾਰੇ ਜ਼ਿਲ੍ਹਿਆਂ ਦੇ ਸਿਵਲ ਸਰਜਨਾਂ ਨਾਲ ਇੱਕ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ, ਉਨ੍ਹਾਂ ਨੇ ਜੀਵਨ-ਰੱਖਿਅਕ ਡਾਕਟਰੀ ਸੇਵਾਵਾਂ ਵਿੱਚ ਕਿਸੇ ਵੀ ਵਿਘਨ ਨੂੰ ਰੋਕਣ ਲਈ 24 ਘੰਟੇ ਆਕਸੀਜਨ ਉਪਲਬਧਤਾ, ਕਾਰਜਸ਼ੀਲ ਯੂ ਪੀ ਐਸ ਸਿਸਟਮ ਅਤੇ ਪੂਰੀ ਤਰ੍ਹਾਂ ਚਾਲੂ ਜਨਰੇਟਰ ਸੈੱਟਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਸਿਹਤ ਮੰਤਰੀ ਨੇ

ਦਵਾਈਆਂ ਦੀ ਸਪਲਾਈ ਸਬੰਧੀ ਸਖ਼ਤ ਨਿਰਦੇਸ਼ ਵੀ ਜਾਰੀ ਕੀਤੇ, ਸਿਵਲ ਸਰਜਨਾਂ ਨੂੰ ਸਾਰੀਆਂ 368 ਕਿਸਮਾਂ ਦੀਆਂ ਜ਼ਰੂਰੀ ਦਵਾਈਆਂ ਦਾ ਘੱਟੋ-ਘੱਟ ਇੱਕ ਮਹੀਨੇ ਦਾ ਬਫਰ ਸਟਾਕ ਰੱਖਣ ਦੇ ਨਿਰਦੇਸ਼ ਦਿੱਤੇ ਅਤੇ ਜ਼ਰੂਰੀ ਦਵਾਈਆਂ ਦੀ ਕਿਸੇ ਵੀ ਘਾਟ ਵਿਰੁੱਧ ਚੇਤਾਵਨੀ ਦਿੱਤੀ।

---------------------------------------------------------------

ਪੰਜਾਬ ਸਰਕਾਰ ਨੇ ਭਲਕੇ 31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ 'ਤੇ ਪੂਰੇ ਸੂਬੇ ਵਿੱਚ ਗਜ਼ਟਿਡ ਛੁੱਟੀ ਦਾ ਐਲਾਨ ਕੀਤਾ ਏ। ਇਸ ਦਿਨ ਸਾਰੇ ਸਰਕਾਰੀ ਦਫ਼ਤਰ, ਸਕੂਲ ਅਤੇ ਕਾਲਜ ਬੰਦ ਰਹਿਣਗੇ।